Tejinder 15.3.

# BUDHA DAL PUBLIC SCHOOL, PATIALA

## FINAL EXAMINATION (16 March 2023)

**Class-IV**

**Sub: Punjabi**

**(Set - A)**

Time:2.30hrs. Marks:60

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਸ਼ਲਾਘਾ, ਹੇਠੀ, ਆਦਰ, ਖ਼ਤਮ

**ਪ੍ਰ2. ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ।** (4)

ਪੇਕੇ, ਸਬਰ-ਸੰਤੋਖ, ਪੜ੍ਹਾਈ, ਅਖ਼ੀਰਲੀ

1. ਹਰਲੀਨ ਆਪਣੀ .............. ਦਾ ਕੰਮ ਮੁਕਾ ਕੇ ਦਾਦੀ ਮਾਂ ਕੋਲ ਆ ਗਈ।
2. ਸੰਤੋਸ਼ ................ ਵਾਲੀ ਕੁੜੀ ਸੀ।
3. ਪਤਨੀ ਰੁੱਸ ਕੇ .................... ਚਲੀ ਗਈ।
4. ਸੰਤੋਸ਼ ਦੇ ਹਿੱਸੇ ................. ਇੱਕ ਰੋਟੀ ਆਈ।

**ਪ੍ਰ3. ਹੇਠਾਂ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ।** (2)

1. ਸੰਤੋਸ਼ ਦੀ ਰੋਟੀ ਵਿੱਚੋਂ ਦੋ ਮੋਹਰਾਂ ਨਿਕਲੀਆਂ।
2. 'ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ' ਹਰਲੀਨ ਨੇ ਕਿਹਾ।
3. ਅਖਾਉਤਾਂ ਨੂੰ ਆਮ ਲੋਕ ਬਣਾਉਂਦੇ ਹਨ।
4. ਵਪਾਰੀ ਲੋਕਾਂ ਨੇ ਲੰਗਰ ਲਗਾਇਆ ਸੀ।

**ਪ੍ਰ4. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (6)

1. ਕਿਹੜੇ ਬੋਲ ਦੁਸ਼ਮਣਾਂ ਨੂੰ ਵੀ ਮੇਲ ਦਿੰਦੇ ਹਨ?
2. ਦਾਨੀ ਪੁਰਸ਼ ਨੇ ਸੰਤੋਸ਼ ਦੇ ਸਾਰੇ ਪਰਿਵਾਰ ਨੂੰ ਕਿੱਥੇ ਨੌਕਰੀ ਦੇ ਦਿੱਤੀ?
3. 'ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ' ਅਖਾਣ ਕਿਸ ਨੇ ਬੋਲਿਆ? ਦਾਦੀ ਮਾਂ ਨੇ ਕਿਸ ਨੂੰ ਸਲਾਹ ਦਿੱਤੀ?
4. 'ਸਬਰ ਸੰਤੋਖ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ?

**ਪ੍ਰ5. ਹੇਠਾਂ ਲਿਖੇ ਸ਼ਬਦਾਂ ਦੇ ਵਾਕ ਬਣਾਉ:** (4)

ਲੰਗਰ, ਪੜ੍ਹਾਈ, ਨੌਕਰੀ, ਸਲਾਹ

**ਪ੍ਰ6. ਹੇਠਾਂ ਲਿਖੇ ਸ਼ਬਦਾਂ ਦੇ ਲਿੰਗ ਬਦਲੋ:** (4)

ਫ਼ਕੀਰ, ਗਾਇਕ, ਦਾਸ, ਸ਼ਹਿਰੀ

**ਪ੍ਰ7. ਹੇਠਾਂ ਲਿਖੇ ਸ਼ਬਦਾਂ ਦੇ ਵਚਨ ਬਦਲੋ:** (4)

ਰੱਸੀ, ਪੈਸਾ, ਗੰਨਾ, ਮੰਦਰ

**ਪ੍ਰ8. ਹੇਠਾਂ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (4)

ਚੁਸਤ, ਜਨਮ, ਇੱਧਰ, ਧਰਤੀ

Scanned with OKEN Scanner

ਪ੍ਰ9. ਹੇਠਾਂ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ਪਾਨੀ, ਕਾਰਣ, ਜੀਬ, ਘੌੜਾ, ਹੱਸਨਾ, ਵੇਹੜਾ

ਪ੍ਰ11. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (5

ੳ) ਜਦੋਂ ਮੀਂਹ ਦੀ ਘਾਟ ਹੋਵੇ -

ਅ) ਜੋ ਰੋਗੀਆਂ ਦਾ ਇਲਾਜ ਕਰੇ -

ੲ) ਪਹਿਲਵਾਨਾਂ ਦੇ ਘੋਲ ਕਰਨ ਦੀ ਥਾਂ -

ਸ) ਸਾਰੇ ਪਿੰਡ ਦੀ ਸਾਂਝੀ ਥਾਂ -

ਹ) ਸਾਰਿਆਂ ਨਾਲ ਬੀਤੀ ਘਟਨਾ -

ਪ੍ਰ11. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ: (6)

ੳ) ਬੋਲੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

ਅ) ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ?

ੲ) ਪੰਜਾਬੀ ਵਰਨਮਾਲਾ ਵਿੱਚ ਕਿੰਨੇ ਅਤੇ ਕਿਹੜੇ ਦੁੱਤ ਅੱਖਰ ਹਨ?

ਸ) ਪੰਜਾਬ ਦੀ ਰਾਜ ਭਾਸ਼ਾ ਕਿਹੜੀ ਹੈ?

ਹ) ਪੰਜਾਬੀ ਵਰਨਮਾਲਾ ਵਿੱਚ ਕੁੱਲ ਕਿੰਨੇ ਅੱਖਰ ਹਨ?

ਕ) ਸ਼ ਤੋਂ ਲ਼ ਤੱਕ ਦੇ ਅੱਖਰ ਕਿਸ ਭਾਸ਼ਾ ਤੋਂ ਲਏ ਗਏ ਹਨ?

ਪ੍ਰ12.ੳ) ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਗਾਉ। (2)

1. ਪੜਨਾਂਵ ਕਿਸ ਦੀ ਥਾਂ 'ਤੇ ਵਰਤੇ ਜਾਂਦੇ ਹਨ?

   ੳ) ਨਾਂਵ ਅ) ਵਾਕ

2. ਪੜਨਾਂਵ ਕਿੰਨੀ ਕਿਸਮ ਦੇ ਹਨ?

   ੳ) ਅੱਠ ਅ) ਛੇ

3. ਪੜਨਾਂਵ ਸ਼ਬਦ ਭਾਸ਼ਾ ਨੂੰ ਕਿਹੋ ਜਿਹਾ ਬਣਾਉਂਦੇ ਹਨ?

   ੳ) ਰਸੀਲਾ ਅ) ਬੇ-ਸੁਆਦੀ

4. 'ਇਹਨਾਂ ਨੇ ਹੀ ਮੈਚ ਜਿੱਤਿਆ ਹੈ' ਵਿੱਚ ਪੜਨਾਂਵ ਸ਼ਬਦ ਕਿਹੜਾ ਹੈ?

   ੳ) ਮੈਚ ਅ) ਇਹਨਾਂ

ਅ) ਪੜਨਾਂਵ ਕਿਸ ਨੂੰ ਆਖਦੇ ਹਨ? (2)

Scanned with OKEN Scanner

ਪ੍ਰ13. ਅਰਜ਼ੀ / ਬਿਨੈ-ਪੱਤਰ : (5)

ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

ਪ੍ਰ14. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ। (5)

ਇੱਕ ਜੰਗਲ ਵਿੱਚ ਬਹੁਤ ਹੀ ਲੰਬਾ ਤੇ ਸੋਹਣਾ ਰੁੱਖ ਸੀ। ਉਸ ਨੂੰ ਆਪਣੀ ਤਾਕਤ ਅਤੇ ਹੌਂਸਲੇ ਤੇ ਬੜਾ ਘਮੰਡ ਸੀ। ਉਸ ਰੁੱਖ ਦੇ ਕੋਲ ਹੀ ਇੱਕ ਛੋਟਾ ਪੌਦਾ ਸੀ ਜੋ ਹਮੇਸ਼ਾ ਥੋੜ੍ਹਾ ਝੁਕਿਆ ਰਹਿੰਦਾ ਸੀ। ਵੱਡਾ ਰੁੱਖ ਉਸ ਦਾ ਮਜ਼ਾਕ ਉਡਾਉਂਦਾ ਸੀ। ਕੁਝ ਦਿਨਾਂ ਬਾਅਦ ਬਹੁਤ ਭਿਆਨਕ ਤੂਫਾਨ ਆਇਆ। ਛੋਟਾ ਪੌਦਾ ਝੁਕ ਗਿਆ ਅਤੇ ਤੂਫਾਨ ਲੰਘ ਗਿਆ।

**ਪ੍ਰਸ਼ਨ/ ਉੱਤਰ :**

1. ਕੁਝ ਦਿਨਾਂ ਬਾਅਦ ਕੀ ਆਇਆ?
2. ਕੌਣ ਝੁਕ ਗਿਆ ਸੀ?

**ਖਾਲੀ ਥਾਵ੍ਹਾਂ ਭਰੋ:**

1. ਜੰਗਲ ਵਿੱਚ ਬਹੁਤ ਹੀ ਲੰਬਾ ਤੇ ਸੋਹਣਾ ........... ਸੀ।
2. ਰੁੱਖ ਨੂੰ ਆਪਣੀ ਤਾਕਤ ਅਤੇ ਹੌਂਸਲੇ ਤੇ ਬੜਾ ............. ਸੀ।

**ਸਹੀ/ ਗਲਤ :**

1. ਛੋਟੇ ਪੌਦੇ ਨੂੰ ਆਪਣੇ ਤੇ ਬਹੁਤ ਘਮੰਡ ਸੀ।
2. ਰੁੱਖ ਪੌਦੇ ਦਾ ਮਜ਼ਾਕ ਉਡਾਉਂਦਾ ਸੀ।

Scanned with OKEN Scanner